23-6-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

### ਚੌਥੀ ਪੀੜ੍ਹੀ ਦੀਆਂ 'ਇਹ ਕਹਾਣੀਆਂ'

'ਇਹ ਕਹਾਣੀਆਂ' ਨਾਂ ਦੀ ਕਿਤਾਬ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਸਰਵਮੀਤ ਦਾ ਸੰਪਾਦਕ ਕੀਤਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਚੌਥੀ ਪੀੜ੍ਹੀ ਦੀਆਂ ਬਾਰਾਂ ਪ੍ਰਤੀਨਿਧ ਕਹਾਣੀਆਂ ਸ਼ਾਮਲ ਹਨ। ਲੇਖਕ ਹਨ ਡਾ. ਜਸਵਿੰਦਰ ਸਿੰਘ, ਐਸ. ਰਾਜ ਕੁਮਾਰ, ਬਲਦੇਵ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਗਰੇਵਾਲ, ਸੁਖਜੀਤ, ਬਲਜਿੰਦਰ ਨਸਰਾਲੀ, ਪ੍ਰੋ. ਹਰਭਜਨ ਸਿੰਘ, ਸਰਵਮੀਤ, ਕਪੂਰ ਕੌਰ ਜੱਗੀ, ਅਸੀਮ, ਅਮਨ ਗਿੱਲ, ਰਮਿੰਦਰ ਬਰਾੜ ਅਤੇ ਸ਼ਮਸ਼ੇਰ ਢਪਾਲੀ। ਇਸ ਵਿਚ ਪਿਛਲੇ ਪੰਜ ਨਾਂ ਉਨ੍ਹਾਂ ਲੇਖਕਾਂ ਤੇ ਲੇਖਕਾਵਾਂ ਦੇ ਹਨ ਜੋ ਹਾਲੀ ਵਿਦਿਆਰਥੀ ਹਨ ਜਾਂ ਉਨ੍ਹਾਂ ਨੇ ਵਿਦਿਆਰਥੀ ਜੀਵਨ ਹੁਣੇ ਹੀ ਖਤਮ ਕੀਤਾ ਹੈ।

ਇਨ੍ਹਾਂ ਕਹਾਣੀਆਂ ਬਾਰੇ ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਵਧੀਆ ਲੇਖਣੀ ਦੇ ਪ੍ਰਮਾਣ ਹਨ ਪਰ ਇਹਦੇ ਨਾਲ ਇਹ ਵੀ ਸਪਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦੋ ਤਿੰਨ ਕਹਾਣੀਆਂ ਨੂੰ ਛੱਡ ਕੇ ਇਹ ਕਹਾਣੀਆਂ ਸਮਾਜਿਕ ਵਚਨਬੱਧ ਤੋਂ ਕੋਰੀਆਂ ਹਨ। ਇਸ ਦੇ ਪਿੱਛੇ ਇਨ੍ਹਾਂ ਕਹਾਣੀਕਾਰਾਂ ਦੀ ਉਹ ਸੋਚ ਕੰਮ ਕਰ ਰਹੀ ਲਗਦੀ ਹੈ ਕਿ ਸਮਾਜਿਕ ਵਚਨਬੱਧਤਾ ਕਿਧਰੇ ਕਿਸੇ ਕਿਸਮ ਦੇ ਨਾਅਰੇ ਦਾ ਪ੍ਰਭਾਵ ਨਾ ਦੇਵੇ। ਬੜੇ ਨਰੋਏ ਵਿਸ਼ੇ ਇਨ੍ਹਾਂ ਕਹਾਣੀਆਂ ਵਿਚ ਲਏ ਗਏ ਹਨ ਪਰ ਉਨ੍ਹਾਂ ਨੂੰ ਨਿਭਾਉਣ ਲਈ ਜਾਣਬੁੱਝ ਕੇ ਜਟਿਲਤਾ ਨੂੰ ਘਸੋੜਿਆ ਗਿਆ ਹੈ ਤੇ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਕਹਾਣੀ ਕਥਾ ਰਸਵਾਦੀ ਰੌਚਿਕ ਕਹਾਣੀ ਨਾ ਬਣੇ ਸਗੋਂ ਹਵਾ ਵਿਚ ਲਟਕ ਕੇ ਰਹਿ ਜਾਵੇ। ਇਸ ਰੁਝਾਨ ਨੂੰ ਨਵੀਨਤਾ ਕਹਿਣਾ ਆਪਣੇ ਆਪ ਵਿਚ ਇਕ ਬਹਿਸ ਦਾ ਵਿਸ਼ਾ ਹੈ।

ਜਸਵਿੰਦਰ ਸਿੰਘ ਦੀ ਕਹਾਣੀ ਖਾਰੇ ਪੱਤਣ ਇਕ ਔਰਤ ਪਾਤਰ ਦਾ ਬਹੁਤ ਹੀ ਵਧੀਆ ਮਨੋਵਿਗਿਆਨਕ ਅਧਿਐਨ ਹੈ ਪਰ ਕੀ ਇਹ ਕਹਾਣੀ, ਕਹਾਣੀ ਬਣਦੀ ਹੈ, ਇਸ ਬਾਰੇ ਕਿੰਤੂ ਹੈ। ਇਸ ਤਰ੍ਹਾਂ ਸਰਵਮੀਤ ਦੀ ਆਪਣੀ ਕਹਾਣੀ 'ਪਿਘਲਣ ਵਾਲੇ ਫੌਲਾਦਾਂ ਬਾਰੇ ਇਕ ਕਹਾਣੀ' ਵਿਚ ਵੀਂ ਇਹ ਘਾਟ ਰੜਕਦੀ ਹੈ। ਮਨੁੱਖ ਦੇ ਅੰਤਰੀਵ ਮਨ ਵਿਚ ਕੁਝ ਵਾਪਰ ਰਿਹਾ ਹੈ ਤੇ ਜਦੋਂ ਸਭ ਕੁਝ ਬਿਆਨ ਕਰਨ ਲਈ ਕਹਾਣੀ ਦੀ ਵਿਧਾ ਅਪਣਾਈ ਗਈ ਹੈ ਤਾਂ ਉਹ ਕਹਾਣੀ ਜ਼ਰੂਰ ਬਣਨੀ ਚਾਹੀਦੀ ਹੈ। ਬਲਜਿੰਦਰ ਨਸਰਾਲੀ ਦੀ ਕਹਾਣੀ 'ਹੱਡਾ ਰੋੜੀ' ਨਿਮਨ ਵਰਗ ਦੀ ਸ਼ਕਤੀਸ਼ਾਲੀ ਕਹਾਣੀ ਹੈ ਪਰ ਤੁਰਤ ਖਤਮ ਹੋਣ ਦਾ ਉਸ ਉਤੇ ਵੀ ਦੋਸ਼ ਹੈ। ਇਹੋ ਗੱਲ ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ 'ਫੈਸਲਾ' ਉਤੇ ਵੀ ਲਾਗੂ ਹੁੰਦੀ ਹੈ। ਰਮਿੰਦਰ ਬਰਾੜ ਅਤੇ ਕਪੂਰ ਕੌਰ ਜੱਗੀ ਦੀਆਂ ਕਹਾਣੀਆਂ ਵਿਆਹੀਆਂ ਕੁੜੀਆਂ ਦੀਆਂ ਆਸ਼ਾਵਾਂ-ਨਿਰਾਸ਼ਾਵਾਂ ਦੀਆਂ ਕਹਾਣੀਆਂ ਹਨ। ਇਨ੍ਹਾਂ ਲੇਖਿਕਾਵਾਂ ਕੋਲੋਂ ਪੰਜਾਬੀ ਸਾਹਿਤ ਲਈ ਚੰਗੀਆਂ ਉਮੀਦਾਂ ਬੱਝਦੀਆਂ ਹਨ। ਸ਼ਮਸ਼ੇਰ ਢਪਾਲੀ ਦੀ ਦਿੱਲੀ ਸ਼ਹਿਰ ਦੂਰ, ਪ੍ਰੋ. ਹਰਭਜਨ ਸਿੰਘ ਦੀ ਬਿੰਬ, ਸੁਖਜੀਤ ਦੀ ਸਤਾਈ ਮੀਲ ਵਿਸ਼ੇ ਦੇ ਪ੍ਰਸੰਗ ਵਿਚ ਵਿਸ਼ੇਸ਼ ਜ਼ਿਕਰ ਦੀਆਂ ਹੱਕਦਾਰ ਹਨ। ਪਰ ਅਸੀਮ ਦੀ ਖਰੂਦੀ ਹੱਵਾ, ਐਸ. ਰਾਜ ਕੁਮਾਰ ਦੀ ਵਿਸਫੋਟ, ਬਲਵਿੰਦਰ ਸਿੰਘ ਗਰੇਵਾਲ ਦੀ ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ ਅਤੇ ਅਮਨ ਗਿੱਲ ਦੀ ਮੌਤ ਤੋਂ ਕੁਝ ਕਦਮ ਅੱਗੇ ਇਸ ਸੰਗ੍ਰਹਿ ਦੀਆਂ ਬਿਹਤਰੀਨ ਕਹਾਣੀਆਂ ਹਨ ਅਤੇ ਅਮਨ ਗਿੱਲ ਦੀ ਕਹਾਣੀ ਤਾਂ ਸਹਿਜੇ ਹੀ ਇਸ ਸੰਗ੍ਰਹਿ ਦੀ ਹਾਸਿਲ ਕਹਾਣੀ ਹੈ। ਪੰਜਾਬ ਵਿਚ ਦਹਿਸ਼ਤਗਰਦੀ ਦੌਰ ਬਾਰੇ ਲਿਖੀਆਂ ਬਿਹਤਰੀਨ ਕਹਾਣੀਆਂ ਵਿਚ ਇਹਦੀ ਸ਼ਮੂਲੀਅਤ ਹੋ ਸਕਦੀ ਹੈ। 'ਇਹ ਕਹਾਣੀਆਂ' ਸਾਹਿਤ ਦੇ ਵਿਦਿਆਰਥੀਆਂ ਲਈ ਨਵੀਂ ਕਹਾਣੀ ਦੇ ਰੁਝਾਨ ਪ੍ਰਾਪਤੀਆਂ ਅਤੇ ਸੀਮਾਵਾਂ ਬਾਰੇ ਇਕ ਦਿਲਚਸਪ ਅਤੇ ਲਾਭਦਾਇਕ ਅਧਿਐਨ ਹੈ।

### ਨਾਟਕ ਅਤੇ ਸਾਹਿਤ

ਜਦੋਂ ਵੀ ਕੋਈ ਕੰਮ ਸੁਹਿਰਦਤਾ ਤੇ ਲਗਾਤਾਰਤਾ ਨਾਲ ਕੀਤਾ ਜਾਵੇ ਤਾਂ ਉਹਦੇ ਠੀਕ ਨਤੀਜੇ ਨਿਕਲਦੇ ਹਨ। ਪੰਜਾਬ ਵਿਚ ਤਰਕਸ਼ੀਲ ਲਹਿਰ ਨੇ ਸਮਾਜਿਕ ਚੇਤਨਾ ਦੇ ਖੇਤਰ ਵਿਚ ਬਹੁਤ ਹੀ ਹਾਂ-ਪੱਖੀ ਨਤੀਜੇ ਕੱਢੇ ਹਨ ਤੇ ਸਾਖਰਤਾ ਲਹਿਰ ਨੇ ਵੀ। ਸਾਖਰਤਾ ਲਹਿਰ ਨੇ ਇਸ ਧਾਰਨਾ ਨੂੰ ਝੁਠਲਾਇਆ ਹੈ ਕਿ ਮੌਜੂਦਾ ਸਮਾਜਿਕ ਢਾਂਚੇ ਵਿਚ ਕੋਈ ਲੋਕ ਭਲਾਈ ਦਾ ਕੰਮ ਨਹੀਂ ਹੋ ਸਕਦਾ, ਖਾਸ ਕਰ ਕੇ ਜੇ ਇਹ ਕੰਮ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਰਾ ਵੀ ਕਿਸੇ ਸਰਕਾਰੀ ਅਦਾਰੇ ਨਾਲ ਜੁੜਿਆ ਹੋਵੇ, ਇਸ ਸਿਲਸਿਲੇ ਵਿਚ ਜ਼ਿਲਾ ਫਰੀਦਕੋਟ ਦੀ ਸਾਖਰਤਾ ਸੰਮਤੀ ਦਾ ਕੰਮ ਆਉਣ ਵਾਲੇ ਸਮੇਂ ਵਿਚ ਸੁਨਹਿਰੀ ਹਰਫਾਂ ਵਿਚ ਲਿਖਿਆ ਜਾਵੇਗਾ। ਇਸ ਸੰਮਤੀ ਨੇ ਉਤਰ ਸਾਖਰਤਾ ਮੁਹਿੰਮ ਵਿਚ ਪਹਿਲੇ ਪਿੰਡ ਪਿੰਡ ਚੇਤਨਾ ਕਲੱਬ ਉਸਾਰੇ। ਹੁਣ ਇਸ ਮੁਹਿੰਮ ਵਿਚ ਨਵ-ਸਾਖਰਾਂ ਲਈ ਪੁਸਤਕਾਂ ਦੀ ਲੜੀ ਪ੍ਰਕਾਸ਼ਤ ਕੀਤੀ ਹੈ। ਇਨ੍ਹਾਂ ਵਿਚ ਸਿਹਤ ਜਾਗਰੂਕਤਾ ਬਾਰੇ ਵੀ ਪੁਸਤਕਾਂ ਹਨ। ਕਹਾਣੀਆਂ ਅਤੇ ਲੋਕ ਕਹਾਣੀਆਂ ਦੀਆਂ ਵੀ ਪੁਸਤਕਾਂ ਹਨ ਅਤੇ ਭੰਵਰੀ ਬਲਾਤਕਾਰ ਕਾਂਡ ਉਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਕਿਤਾਬ 'ਚੁੱਪ ਰਹੇ ਸਰਨਾ ਨਹੀਂ' ਸ਼ਾਮਲ ਹਨ। ਇਹ ਕਿਤਾਬਾਂ ਹਜ਼ਾਰਾਂ ਦੀ ਗਿਣਤੀ ਵਿਚ ਛਪੀਆਂ ਹਨ, ਪਿੰਡਾਂ ਵਿਚ ਸਾਧਾਰਨ ਲੋਕਾਂ ਤਕ ਪੁੱਜੀਆਂ ਹਨ ਅਤੇ ਸੱਥਾਂ ਵਿਚ ਉਨ੍ਹਾਂ ਦੀ ਚਰਚਾ ਹੋਈ ਹੈ।

ਇਸ ਉਤਰ ਸਾਖਰਤਾ ਮੁਹਿੰਮ ਵਿਚ ਹੀ ਇਕ ਨਾਟਕਾਂ ਦੀ ਕਿਤਾਬ 'ਕੁੜੀ ਪੜ੍ਹ ਕੇ ਕੀ ਕਰੇਗੀ' ਸਾਡਾ ਵਿਸ਼ੇਸ਼ ਧਿਆਨ ਮੰਗਦੀ ਹੈ। ਇਸ ਵਿਚ 11 ਨਾਟਕ ਸ਼ਾਮਲ ਹਨ। ਇਹ ਨਾਟਕ ਵਿਦਿਆਰਥੀ ਤੇ ਓਪਨ ਗਰੁੱਪ ਦੇ ਨਾਟਕ ਲਿਖਣ ਦੇ ਮੁਕਾਬਲੇ ਦੀ ਦੇਣ ਹਨ। ਇਹ ਸਾਧਾਰਨ ਲੋਕਾਂ ਲਈ ਸਾਧਾਰਨ ਨਾਟਕ ਹਨ। ਇਨ੍ਹਾਂ ਨਾਟਕਾਂ ਦੀ ਸਾਦਗੀ ਅਤੇ ਇਨ੍ਹਾਂ ਵਿਚ ਦਿੱਤੇ ਸੁਨੇਹੇ ਵਿਸ਼ੇਸ਼ ਕਿਸਮ ਦੀ ਨਾਟਕ ਸ਼ੈਲੀ ਦਾ ਪ੍ਰਮਾਣ ਹਨ। ਥੀਏਟਰ ਦੀ ਜ਼ਬਾਨ ਵਿਚ ਇਨ੍ਹਾਂ ਨੂੰ ਅਸੀਂ ਕਮਿਊਨਿਟੀ ਥੀਏਟਰ ਕਹਿੰਦੇ ਹਾਂ। ਇਹ ਥੀਏਟਰ ਹੁਣ ਸੰਸਾਰ ਭਰ ਵਿਚ ਸਰਗਰਮ ਥੀਏਟਰ ਹੈ ਅਤੇ ਨਾਟਕ ਪਾਰਖੂਆਂ ਦੇ ਧਿਆਨ ਅਤੇ ਵਿਸ਼ਲੇਸ਼ਣ ਦਾ ਵਿਸ਼ਾ ਹੈ।

ਸਾਖਰਤਾ ਲਹਿਰ ਦੀ ਨਵ-ਸਾਖਰਤਾ ਪੁਸਤਕ ਮੁਹਿੰਮ ਪੰਜਾਬ ਦੇ ਕਿਤਾਬੀ ਸਭਿਆਚਾਰ ਦਾ ਇਕ ਜ਼ਰੂਰੀ ਅੰਗ ਬਣ ਚੁੱਕਾ ਹੈ। ਇਸ ਲਹਿਰ ਨਾਲ ਜੁੜੀ ਟੀਮ ਕਿਰਪਾ ਸਾਗਰ ਸਰੋਜ, ਆਈ.ਏ.ਐਸ., ਕ੍ਰਿਸ਼ਨ ਸਿੰਗਲਾ, ਅਸ਼ੋਕ ਚਾਵਲਾ, ਪਵਨ ਗੁਲਾਟੀ, ਪ੍ਰੇਮ ਚਾਵਲਾ, ਡਾ. ਤੇਜਬੀਰ ਸਿੰਘ ਨੂੰ ਬਹੁਤ ਹੀ ਵਧੀਆ ਕੰਮ ਲਈ ਸਾਡਾ ਸਲਾਮ ਕਹਿਣਾ ਬਣਦਾ ਹੈ।

23-6-1996